ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-6 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.), ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ।

ਮੀਮੋ ਨੰ: 8/21/12-1ਸਿੱ6/1216795/1-5

ਮਿਤੀ: ਚੰਡੀਗੜ੍ਹ: 23-04-2018

ਵਿਸ਼ਾ: ਸਰਕਾਰੀ ਸਕੂਲਾਂ ਦਾ ਪੱਧਰ ਉੱਚਾ ਕਰਨ ਲਈ ਕਰਾਈਟੀਰੀਆ/ਪਾਲਿਸੀ ਵਿੱਚ ਸੋਧ।

ਹਵਾਲਾ: ਸਰਕਾਰ ਦੇ ਪੱਤਰ ਨੰ: 8/21/12-1ਸਿੱ6/528171/1-5, ਮਿਤੀ 01.09.2015

ਹਵਾਲਾ ਪੱਤਰ ਰਾਹੀਂ ਪੰਜਾਬ ਰਾਜ ਵਿੱਚ ਵੱਖ-ਵੱਖ ਤਰ੍ਹਾਂ ਦੇ ਸਕੂਲਾਂ ਨੂੰ ਅਪਗ੍ਰੇਡ ਕਰਨ ਸਬੰਧੀ ਪਹਿਲਾਂ ਜਾਰੀ ਕੀਤੀਆਂ ਗਈਆਂ ਹਦਾਇਤਾਂ/ਕਰਾਈਟੀਰੀਆ/ਪਾਲਿਸੀ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:

**(ੳ) ਪ੍ਰਾਇਮਰੀ ਤੋਂ ਮਿਡਲ ਸਕੂਲ ਪੱਧਰ ਤੱਕ ਦੀ ਅਪਗ੍ਰੇਡੇਸ਼ਨ**

1. ਮੌਜੂਦਾ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਸਰਕਾਰੀ ਹੋਵੇ ਜਾਂ ਘੱਟ ਤੋਂ ਘੱਟ ਅਗਲੇ 30 ਸਾਲ ਲਈ ਲੀਜ਼ ਤੇ ਹੋਵੇ।
2. ਪਹਿਲੀ ਤੋਂ ਪੰਜਵੀਂ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 100 ਹੋਵੇ ਅਤੇ ਛੇਵੀਂ ਜਮਾਤ ਲਈ ਘੱਟੋ-ਘੱਟ 20 ਵਿਦਿਆਰਥੀ ਉਪਲਬਧ ਹੋਣ। ਜਿਹੜੇ ਸਕੂਲ ਸਟੇਟ ਬਾਰਡਰ ਦੇ 5 ਕਿਲੋਮੀਟਰ ਏਰੀਆ ਜਾਂ ਅੰਤ:ਰ ਰਾਸ਼ਟਰੀ ਬਾਰਡਰ ਦੇ 16

Scanned by CamScanner

ਕਿਲੋਮੀਟਰ ਏਰੀਆ ਵਿੱਚ ਸਥਿਤ ਹਨ ਜਾਂ ਜਿੱਥੇ ਕਿਤੇ ਕੋਈ ਫਿਜੀਕਲ ਬੈਰੀਅਰ ਜਿਵੇਂ ਕਿ ਨਦੀ, ਨਹਿਰ, ਰੇਲਵੇ ਲਾਈਨ, ਹਾਈਵੇ ਜਾਂ ਪਹਾੜੀ ਹੈ, ਲਈ ਬੱਚਿਆ ਦੀ ਗਿਣਤੀ ਵਿੱਚ 20% ਅਤੇ ਮਿਡਲ ਸਕੂਲ ਲਈ ਦੂਰੀ ਦੇ ਨਿਯਮਾਂ ਵਿੱਚ ਇੱਕ ਕਿਲੋਮੀਟਰ ਦੀ ਛੋਟ ਹੋਵੇਗੀ।

3. ਪ੍ਰਾਇਮਰੀ ਸਕੂਲ ਦੇ 3 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ/ਏਡਿਡ ਮਿਡਲ ਸਕੂਲ ਨਾ ਹੋਵੇ।

4. ਸਕੂਲ ਵਿੱਚ ਹੋਰ ਕਮਰਿਆਂ ਤੋਂ ਇਲਾਵਾ ਘੱਟੋ-ਘੱਟ 8 ਕਲਾਸ-ਰੂਮ, ਲੜਕੇ ਅਤੇ ਲੜਕੀਆਂ ਦਾ ਵੱਖਰਾ-ਵੱਖਰਾ ਟੁਆਇਲਟ, ਪੀਣ ਦੇ ਪਾਣੀ ਦੀ ਸੁਵਿਧਾ ਅਤੇ ਖੇਡ ਦੇ ਮੈਦਾਨ ਲਈ ਲੋੜੀਂਦੀ ਜਗ੍ਹ ਉਪਲਬਧ ਹੋਵੇ।

5. ਪੇਂਡੂ ਖੇਤਰ ਦੇ ਸਕੂਲਾਂ ਵਿੱਚ 2 ਏਕੜ ਜ਼ਮੀਨ ਉਪਲਬਧ ਹੋਵੇ। ਸ਼ਹਿਰੀ ਖੇਤਰ ਦੇ ਸਕੂਲਾਂ ਵਿੱਚ 1 ਏਕੜ ਜ਼ਮੀਨ ਜਾਂ ਘੱਟ ਤੋਂ ਘੱਟ ਸਕੂਲ ਇਮਾਰਤ ਤੋਂ ਇਲਾਵਾ ਸਵੇਰ ਦੀ ਪ੍ਰਾਰਥਨਾ ਅਤੇ ਬੱਚਿਆ ਦੇ ਖੇਡਣ ਲਈ ਉਪਯੁਕਤ ਥਾਂ ਜ਼ਰੂਰ ਮੌਜੂਦ ਹੋਵੇ।

### (ਅ) ਮਿਡਲ ਤੋਂ ਹਾਈ ਸਕੂਲ ਪੱਧਰ ਤੱਕ ਦੀ ਅਪਗ੍ਰੇਡੇਸ਼ਨ

1. ਮੌਜੂਦਾ ਮਿਡਲ ਸਕੂਲ ਦੀ ਬਿਲਡਿੰਗ ਸਰਕਾਰੀ ਹੋਵੇ ਜਾਂ ਘੱਟ ਤੋਂ ਘੱਟ ਅਗਲੇ 30 ਸਾਲ ਲਈ ਲੀਜ਼ ਤੇ ਹੋਵੇ।

2. ਪਹਿਲੀ ਤੋਂ ਅੱਠਵੀਂ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 200 ਹੋਵੇ ਜਿਸ ਵਿਚੋਂ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 90 ਹੋਵੇ ਅਤੇ ਨੌਵੀਂ ਜਮਾਤ ਲਈ ਘੱਟੋ-ਘੱਟ 20 ਵਿਦਿਆਰਥੀ ਉਪਲਬਧ ਹੋਣ। ਜਿਹੜੇ ਸਕੂਲ ਸਟੇਟ ਬਾਰਡਰ ਦੇ 5 ਕਿਲੋਮੀਟਰ ਏਰੀਆ ਜਾਂ ਅੰਤਰ ਰਾਸ਼ਟਰੀ ਬਾਰਡਰ ਦੇ 16 ਕਿਲੋਮੀਟਰ ਏਰੀਆ ਵਿੱਚ ਸਥਿਤ ਹਨ ਜਾਂ ਜਿਥੇ ਕਿਤੇ ਕੋਈ ਫਿਜੀਕਲ ਬੈਰੀਅਰ ਜਿਵੇਂ ਕਿ ਨਦੀ, ਨਹਿਰ, ਰੇਲਵੇ ਲਾਈਨ, ਹਾਈਵੇ ਜਾਂ ਪਹਾੜੀ ਹੈ, ਲਈ ਬੱਚਿਆ ਦੀ ਗਿਣਤੀ ਵਿੱਚ 20% ਛੋਟ ਹੋਵੇਗੀ।

3. ਮਿਡਲ ਸਕੂਲ ਦੇ 4 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ/ਏਡਿਡ ਹਾਈ ਸਕੂਲ ਨਾ ਹੋਵੇ। ਜਿਹੜੇ ਸਕੂਲ ਸਟੇਟ ਬਾਰਡਰ ਦੇ 5 ਕਿਲੋਮੀਟਰ ਏਰੀਆ ਜਾਂ ਅੰਤਰ ਰਾਸ਼ਟਰੀ ਬਾਰਡਰ ਦੇ 16 ਕਿਲੋਮੀਟਰ ਵਿੱਚ ਸਥਿਤ ਹਨ ਜਾਂ ਜਿੱਥੇ ਕਿਤੇ ਕੋਈ ਫਿਜੀਕਲ ਬੈਰੀਅਰ ਜਿਵੇਂ ਕਿ ਨਦੀ, ਨਹਿਰ, ਰੇਲਵੇ ਲਾਈਨ, ਹਾਈਵੇ ਜਾਂ ਪਹਾੜੀ ਹੈ, ਲਈ ਹਾਈ ਸਕੂਲ ਲਈ ਦੂਰੀ ਦੇ ਨਿਯਮਾਂ ਵਿੱਚ 2 ਕਿਲੋਮੀਟਰ ਦੀ ਢਿੱਲ ਹੋਵੇਗੀ।

ਅਜਿਹੀਆਂ ਪਰਸਥਿਤੀਆਂ ਵਿੱਚ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ/ਏਡਿਡ ਹਾਈ ਸਕੂਲ ਨਹੀਂ ਹੋਣਾ ਚਾਹੀਦਾ।

4. ਸਕੂਲ ਵਿੱਚ ਹੋਰ ਕਮਰਿਆਂ ਤੋਂ ਇਲਾਵਾ ਘੱਟੋ-ਘੱਟ 10 ਕਲਾਸ-ਰੂਮ, ਲੜਕੇ ਅਤੇ ਲੜਕੀਆਂ ਦਾ ਵੱਖਰਾ-ਵੱਖਰਾ ਟੁਆਇਲਟ, ਪੀਣ ਦੇ ਪਾਣੀ ਦੀ ਸੁਵਿਧਾ ਅਤੇ ਖੇਡ ਦੇ ਮੈਦਾਨ ਲਈ ਲੋੜੀਂਦੀ ਜਗ੍ਹਾ ਉਪਲਬਧ ਹੋਵੇ।

5. ਪੇਂਡੂ ਖੇਤਰ ਦੇ ਸਕੂਲਾਂ ਵਿੱਚ 3 ਏਕੜ ਅਤੇ ਸ਼ਹਿਰੀ ਖੇਤਰ ਦੇ ਸਕੂਲਾਂ ਵਿੱਚ 1.5 ਏਕੜ ਦੀ ਥਾਂ ਉਪਲਬਧ ਹੋਵੇ।

**(ੲ) ਹਾਈ ਤੋਂ ਸੀਨੀਅਰ ਸੈਕੰਡਰੀ ਸਕੂਲ ਪੱਧਰ ਤੱਕ ਦੀ ਅਪਗ੍ਰੇਡੇਸ਼ਨ**

1. ਮੌਜੂਦਾ ਹਾਈ ਸਕੂਲ ਦੀ ਬਿਲਡਿੰਗ ਸਰਕਾਰੀ ਹੋਵੇ ਜਾਂ ਘੱਟੋ-ਘੱਟ ਅਗਲੇ 30 ਸਾਲ ਲਈ ਲੀਜ਼ ਤੇ ਹੋਵੇ।

2. ਪਹਿਲੀ ਤੋਂ ਦਸਵੀਂ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 300 ਹੋਵੇ ਜਿਸ ਵਿਚੋਂ ਨੌਵੀਂ ਅਤੇ ਦਸਵੀਂ ਜਮਾਤ ਵਿੱਚ ਘੱਟੋ-ਘੱਟ 80 ਵਿਦਿਆਰਥੀ ਹੋਣ। ਗਿਆਰਵੀਂ ਜਮਾਤ ਲਈ ਘੱਟ ਤੋਂ ਘੱਟ 20 ਵਿਦਿਆਰਥੀ ਉਪਲਬਧ ਹੋਣ। ਜਿਹੜੇ ਸਕੂਲ ਸਟੇਟ ਬਾਰਡਰ ਦੇ 5 ਕਿਲੋਮੀਟਰ ਏਰੀਆ ਜਾਂ ਅੰਤਰ ਰਾਸ਼ਟਰੀ ਬਾਰਡਰ ਦੇ 15 ਕਿਲੋਮੀਟਰ ਏਰੀਆ ਵਿੱਚ ਸਥਿਤ ਹਨ ਜਾਂ ਜਿੱਥੇ ਕਿਤੇ ਕੋਈ ਫਿਜੀਕਲ ਬੈਰੀਅਰ ਜਿਵੇਂ ਕਿ ਨਦੀ, ਨਹਿਰ, ਰੇਲਵੇ ਲਾਈਨ, ਹਾਈਵੇ ਜਾ ਪਹਾੜੀ ਹੈ, ਲਈ ਬੱਚਿਆ ਦੀ ਗਿਣਤੀ ਵਿੱਚ 20% ਛੋਟ ਹੋਵੇਗੀ।

3. ਹਾਈ ਸਕੂਲ ਦੇ 6 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ ਜਾਂ ਏਡਿਡ ਸੀਨੀਅਰ ਸੈਕੰਡਰੀ ਸਕੂਲ ਨਾ ਹੋਵੇ। ਜਿਹੜੇ ਸਕੂਲ ਬਾਰਡਰ ਦੇ 5 ਕਿਲੋਮੀਟਰ ਏਰੀਆ ਜਾਂ ਅੰਤਰ ਰਾਸ਼ਟਰੀ ਬਾਰਡਰ ਦੇ 15 ਕਿਲੋਮੀਟਰ ਏਰੀਆ ਵਿੱਚ ਸਥਿਤ ਹਨ ਜਾਂ ਜਿੱਥੇ ਕਿਤੇ ਕੋਈ ਫਿਜੀਕਲ ਬੈਰੀਅਰ ਜਿਵੇਂ ਕਿ ਨਦੀ, ਨਹਿਰ, ਰੇਲਵੇ ਲਾਈਨ, ਹਾਈਵੇ ਜਾ ਪਹਾੜੀ ਹੈ, ਲਈ ਸਕੂਲ ਦੀ ਦੂਰੀ ਦੇ ਨਿਯਮਾਂ ਵਿੱਚ 2 ਕਿਲੋਮੀਟਰ ਦੀ ਢਿੱਲ ਹੋਵੇਗੀ। ਅਜਿਹੀਆਂ ਪਰਸਥਿਤੀਆਂ ਵਿੱਚ ਚਾਰ ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ/ਏਡਿਡ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੋਣਾ ਚਾਹੀਦਾ।

4. ਸਕੂਲ ਵਿੱਚ ਹੋਰ ਕਮਰਿਆਂ ਤੋਂ ਇਲਾਵਾ ਘੱਟੋ-ਘੱਟ 14 ਕਲਾਸ-ਰੂਮ, ਲੜਕੇ ਅਤੇ ਲੜਕੀਆਂ ਦਾ ਵੱਖਰਾ-ਵੱਖਰਾ ਟੁਆਇਲਟ, ਪੀਣ ਦੇ ਪਾਣੀ ਦੀ ਸੁਵਿਧਾ ਅਤੇ ਖੇਡ ਦੇ ਮੈਦਾਨ ਲਈ ਲੋੜੀਂਦੀ ਜਗ੍ਹਾ ਉਪਲਬਧ ਹੋਵੇ।

5. ਪੇਂਡੂ ਖੇਤਰ ਦੇ ਸਕੂਲਾਂ ਵਿੱਚ 4 ਏਕੜ ਅਤੇ ਸ਼ਹਿਰੀ ਖੇਤਰ ਦੇ ਸਕੂਲਾਂ ਵਿੱਚ 2 ਏਕੜ ਦੀ ਥਾਂ ਉਪਲਬਧ ਹੋਵੇ।

6. ਸੀਨੀਅਰ ਸੈਕੰਡਰੀ ਪੱਧਰ ਲਈ ਅਪਗ੍ਰੇਡ ਹੋਣ ਵਾਲੇ ਸਕੂਲਾਂ ਵਿੱਚ ਪਹਿਲਾਂ ਸਿਰਫ Humanities Group ਸ਼ੁਰੂ ਕੀਤਾ ਜਾਵੇਗਾ। ਅਪਗ੍ਰੇਡੇਸ਼ਨ ਦੇ ਘੱਟ ਤੋਂ ਘੱਟ ਦੋ ਸਾਲ ਉਪਰੰਤ ਸਕੂਲ ਦੀ ਲੋੜ ਅਤੇ ਵਿਭਾਗੀ ਹਦਾਇਤਾਂ ਅਨੁਸਾਰ ਸਾਇੰਸ, ਕਾਮਰਸ ਜਾਂ ਕੋਈ ਹੋਰ ਗਰੁੱਪ ਦਿੱਤਾ ਜਾਵੇਗਾ।

**ਵਿਸ਼ੇਸ਼ ਨੋਟ:**

1. ਜੇਕਰ ਸਕੂਲ ਅਪਗ੍ਰੇਡੇਸ਼ਨ ਦੀਆਂ ਸ਼ਰਤਾਂ ਪੂਰੀਆ ਕਰਦਾ ਹੋਵੇਗਾ ਤਾਂ ਅਪਗ੍ਰੇਡੇਸ਼ਨ ਲਈ ਲੋੜੀਂਦੀ ਬਿਲਡਿੰਗ ਅਤੇ ਅਧਿਆਪਕ ਰਾਜ ਸਰਕਾਰ ਵੱਲੋਂ ਮੁਹੱਈਆ ਕੀਤੇ ਜਾਣਗੇ।

2. ਉਪਰੋਕਤ ਕਰਾਈਟੀਰੀਆ/ਪਾਲਿਸੀ ਦੀ ਕੋਈ ਵੀ ਸ਼ਰਤ ਨੂੰ ਖਾਸ ਹਲਾਤਾਂ ਵਿੱਚ ਰਿਵਾਇਜ਼ ਕਰਨ/ਛੋਟ ਦੇਣ ਲਈ ਸਰਕਾਰ ਸਮਰੱਥ ਹੋਵੇਗੀ।

3. ਇਸ ਪੱਤਰ ਦੇ ਜਾਰੀ ਹੋਣ ਤੋਂ ਪਹਿਲਾਂ ਜਿਹਨਾਂ ਪੱਤਰਾਂ ਰਾਹੀਂ ਸਕੂਲ ਅਪਗ੍ਰੇਡੇਸ਼ਨ ਲਈ ਹਦਾਇਤਾਂ/ਸ਼ਰਤਾ/ਕਰਾਈਟੀਰੀਆ/ਪਾਲਿਸੀ ਜਾਰੀ ਕੀਤੀ ਗਈ ਹੈ, ਉਹ ਸਾਰੇ ਪੱਤਰ ਅਧਿਲੰਘਣ (ਸੁਪਰਸੀਡ) ਕੀਤੇ ਜਾਂਦੇ ਹਨ।

**ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ**

**ਪਿੱਠ ਅੰਕਨ ਨੰ; 8/21/12-1ਸਿ6/**੧੨੧੬੭੧੫/੬ **ਮਿਤੀ** ੨੩-੦੫-੨੦੧੮

ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ**

**ਅੰਦਰੂਨੀ ਵੰਡ**

1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ ਜੀ।
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ ਜੀ।

ਪੰਜਾਬ ਸਰਕਾਰ

ਸਿਖਿਆ ਵਿਭਾਗ

(ਸਿਖਿਆ-6 ਸਾਖਾ)

## ਦਫਤਰੀ ਹੁਕਮ

ਸਰਕਾਰੀ ਸਕੂਲਾਂ ਦਾ ਪੱਧਰ ਉੱਚਾ ਕਰਨ ਲਈ ਨਿਰਧਾਰਿਤ ਨੀਤੀ ਦੇ ਭਾਗ (ਅ) ਦੇ ਪੈਰਾ 3 ਵਿੱਚ ਮਿਡਲ ਸਕੂਲ ਦੇ 4 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ/ਏਡਿਡ ਹਾਈ ਸਕੂਲ ਨਾ ਹੋਵੇ ਦੀ ਥਾਂ ਤੇ 5 ਕਿਲੋਮੀਟਰ ਪੜ੍ਹਿਆ ਜਾਵੇ।

2. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ
19.12.2018

ਕ੍ਰਿਸ਼ਨ ਕੁਮਾਰ, ਆਈ.ਏ.ਐੱਸ
ਸਕੱਤਰ, ਪੰਜਾਬ ਸਰਕਾਰ

ਅੰ.ਵਿ.ਪੱ.ਨੰ: 11/129/2018-5ਸਿ6/1385867/1-6 ਮਿਤੀ, ਚੰਡੀਗੜ੍ਹ 03.01.2019

ਉਪਰੋਕਤ ਦਾ ਇੱਕ ਉਤਾਰਾ ਹੇਠ ਲਿੱਖਿਆ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ
4. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ
5. ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਪੰਜਾਬ

ਉਪ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ:-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ
2. ਨਿੱਜੀ ਸਹਾਇਕ/ਸਕੱਤਰ ਸਕੂਲ ਸਿੱਖਿਆ
3. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

Scanned with CamScanner

**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(ਸਿੱਖਿਆ-6 ਸ਼ਾਖਾ).**

<u>ਅਧਿਸੂਚਨਾ</u>

ਨੰ:11/4/21-1ਸਿ6/ 381 ਮਿਤੀ,ਚੰਡੀਗੜ੍ਹ: 21.12.2021

ਸਰਕਾਰ ਦੇ ਪੱਤਰ ਨੰ: 8/21/12-1ਸਿੱ6/528171/1-5 ਮਿਤੀ 01.09.2015 ਅਤੇ ਪੱਤਰ ਨੰ: 8/21/12-1ਸਿੱ6/1216795/1-5 ਮਿਤੀ 23.04.2018 ਰਾਹੀਂ ਸਰਕਾਰੀ ਸਕੂਲਾਂ ਨੂੰ ਅਪਗ੍ਰੇਡ ਕਰਨ ਸਬੰਧੀ ਪਾਲਿਸੀ ਜਾਰੀ ਕੀਤੀ ਹੋਈ ਹੈ, ਪਰੰਤੂ ਕੁੱਝ ਸਕੂਲਾਂ ਨੂੰ ਪਾਲਿਸੀ ਦੇ ਮਾਪਦੰਡ ਪੂਰਾ ਨਾ ਹੋਣ ਕਰਕੇ ਅਪਗ੍ਰੇਡ ਨਹੀਂ ਕੀਤਾ ਜਾ ਸਕਦਾ । ਇਸ ਲਈ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਮੰਤਰੀ ਪੰਜਾਬ ਨੂੰ ਪਾਲਿਸੀ ਦੇ ਮਾਪਦੰਡਾਂ ਵਿੱਚ ਢਿੱਲ ਦੇ ਕੇ ਕਿਸੇ ਵੀ ਸਕੂਲ ਨੂੰ ਅਪਗ੍ਰੇਡ ਕਰਨ ਦੇ ਅਧਿਕਾਰ ਦਿੱਤੇ ਜਾਂਦੇ ਹਨ।

2. ਇਹ ਅਧਿਸੂਚਨਾ ਮੰਤਰੀ ਪ੍ਰੀਸ਼ਦ ਦੀ ਮਿਤੀ 14.12.2021 ਨੂੰ ਹੋਈ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਦੇ ਅੱ.ਵਿ.ਪੱ.ਨੰ:1/342/2021-ਕੈਬਨਿਟ/9815 ਮਿਤੀ 16.12.2021 ਰਾਹੀਂ ਦਿੱਤੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਅਜੋਏ ਸ਼ਰਮਾ, ਆਈ.ਏ.ਐਸ.
ਸਕੱਤਰ ਸਕੂਲ ਸਿੱਖਿਆ ਵਿਭਾਗ

ਮਿਤੀ, ਚੰਡੀਗੜ੍ਹ:
21.12.2021

ਪਿ:ਅੰ:ਨੰ:11/4/21-1ਸਿ6/ 381/1 ਮਿਤੀ, ਚੰਡੀਗੜ੍ਹ: 21.12.2021

ਇਸ ਦਾ ਇੱਕ ਉਤਾਰਾ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ,ਪੰਜਾਬ (ਮੋਹਾਲੀ) ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਅਸਧਾਰਨ ਗਜ਼ਟ ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਅਧਿਸੂਚਨਾ ਦੀਆਂ 25-25 ਕਾਪੀਆਂ ਇਸ ਵਿਭਾਗ ਦੀ ਵਰਤੋਂ ਲਈ ਭੇਜੀਆਂ ਜਾਣ।

ਅਧੀਨ ਸਕੱਤਰ ਸਕੂਲ ਸਿੱਖਿਆ 21/12/2021
ਮਿਤੀ, ਚੰਡੀਗੜ੍ਹ: 21.12.2021

ਪਿ:ਅੰ:ਨੰ:11/4/21-1ਸਿ6// 381/2-7

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਕੂਲ ਸਿੱਖਿਆ ਵਿਭਾਗ (ਸੈ:ਸਿ),ਪੰਜਾਬ।
3. ਡਾਇਰੈਕਟਰ ਸਕੂਲ ਸਿੱਖਿਆ ਵਿਭਾਗ(ਐ:ਸਿ),ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
5. ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ।
6. ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ/ਸੈ.ਸਿੱ.)

ਅਧੀਨ ਸਕੱਤਰ ਸਕੂਲ ਸਿੱਖਿਆ 21/12/2021
ਮਿਤੀ, ਚੰਡੀਗੜ੍ਹ: 21.12.2021

ਪਿ:ਅੰ:ਨੰ:11/4/21-1ਸਿ6/ 381/8-11

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਨਿੱਜੀ ਸਕੱਤਰ/ਮੁੱਖ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਸਿੱਖਿਆ ਮੰਤਰੀ,ਪੰਜਾਬ।
3. ਨਿੱਜੀ ਸਹਾਇਕ/ਸਕੱਤਰ ਸਕੂਲ ਸਿੱਖਿਆ ਵਿਭਾਗ,ਪੰਜਾਬ।
4. ਜੂਨੀਅਰ ਸਕੇਲ ਸਟੈਨੋਗ੍ਰਾਫਰ/ਅਧੀਨ ਸਕੱਤਰ ਸਕੂਲ ਸਿੱਖਿਆ।

ਅਧੀਨ ਸਕੱਤਰ ਸਕੂਲ ਸਿੱਖਿਆ 21/12/2021